# ਸਿਟੀ ਆਫ ਬ੍ਰੈਂਪਟਨ, ਅੱਜ 19 ਜੂਨ ਨੂੰ ਚੋਣਵੇਂ ਵੱਡੇ ਪਾਰਕਾਂ ਵਿਖੇ ਵਾਸ਼ਰੂਮਸ ਨੂੰ ਦੁਬਾਰਾ ਖ੍ਹੋਲ ਰਹੀ ਹੈ

ਬ੍ਰੈਂਪਟਨ, ਓਨਟੈਰੀਓ (19 ਜੂਨ, 2020) – ਸਿਟੀ ਆਫ ਬ੍ਰੈਂਪਟਨ ਨੂੰ ਦੁਬਾਰਾ ਖੋਲ੍ਹਣ ਅਤੇ ਬਹਾਲੀ ਯੋਜਨਾ ਦੇ ਹਿੱਸੇ ਵਜੋਂ, ਬ੍ਰੈਂਪਟਨ ਵਿੱਚ ਅੱਜ, 19 ਜੂਨ ਨੂੰ ਚੋਣਵੇਂ ਵੱਡੇ ਪਾਰਕਾਂ ਵਿਖੇ ਵਾਸ਼ਰੂਮਸ ਦੁਬਾਰਾ ਖ੍ਹੋਲੇ ਜਾ ਰਹੇ ਹਨ।

ਸਿਟੀ, ਭਾਈਚਾਰੇ ਦੀ ਸਿਹਤ ਅਤੇ ਸੁਰੱਖਿਆ ਨੂੰ ਬੇਹੱਦ ਗੰਭੀਰਤਾ ਨਾਲ ਲੈਂਦੀ ਹੈ। ਕਿਉਂਕਿ ਸਾਡੇ ਭਾਈਚਾਰੇ ਵਿੱਚ ਪਾਰਕ ਦੁਬਾਰਾ ਖੁੱਲ ਗਏ ਹਨ। ਅਗਲਾ ਕਦਮ ਨਿਵਾਸੀਆਂ ਦੀ ਇਸ ਜ਼ਰੂਰੀ ਸਹੂਲਤ ਲਈ ਵਾਸ਼ਰੂਮਸ ਖ੍ਹੋਲਣੇ ਹਨ।

ਵਾਸ਼ਰੂਮਸ, ਸੋਮਵਾਰ ਤੋਂ ਸ਼ੁੱਕਰਵਾਰ, ਸ਼ਾਮ 4 ਵਜੇ ਤੋਂ ਰਾਤ 9 ਵਜੇ ਤੱਕ ਅਤੇ ਸ਼ਨੀਵਾਰ ਅਤੇ ਐਤਵਾਰ ਨੂੰ ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ, ਹੇਠਾਂ ਲਿਖੇ ਪਾਰਕਾਂ ਵਿਖੇ ਖ੍ਹੋਲੇ ਜਾਣਗੇ:

- ਬੈਟਸਮੈਨ ਪਾਰਕ (Batsman Park)
- ਚਿੰਗਕੂਜ਼ੀ ਪਾਰਕ (Chinguacousy Park)
- ਕ੍ਰੈਡਿਟਵਿਊ ਸੈਂਡਲਵੁੱਡ ਪਾਰਕ (Creditview Sandalwood Park)
- ਐਲਡੋਰਾਡੋ ਪਾਰਕ (Eldorado Park)
- ਗੇਜ ਪਾਰਕ (Gage Park)
- ਮੈਕਕੈਂਡਲਸ ਪਾਰਕ (McCandless Park)
- ਟੇਰਾਮੋਟੋ ਪਾਰਕ (Teramoto Park)

ਵਾਸ਼ਰੂਮਸ ਦੇ ਖੇਤਰ ਵਿੱਚ ਸਫਾਈ ਕਰਮਚਾਰੀ ਮੌਜੂਦ ਰਹਿਣਗੇ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹਨਾਂ ਦੀ ਵਾਰ-ਵਾਰ ਸਫਾਈ ਕੀਤੀ ਜਾ ਰਹੀ ਹੈ। ਨਿਵਾਸੀਆਂ ਨੂੰ ਸਿਹਤ ਅਤੇ ਸੁਰੱਖਿਆ ਉਪਾਵਾਂ ਦੀ ਪਾਲਣਾ ਕਰਨ ਦੀ ਸਲਾਹ ਦੇਣ ਲਈ, ਸਾਈਨ ਬੋਰਡ ਲਗਾਏ ਜਾਣਗੇ।

**ਕੋਵਿਡ-19 ਤੋਂ ਸੁਰੱਖਿਆ ਸਬੰਧੀ ਉਪਾਅ**

ਸਿਟੀ, ਨਿਵਾਸੀਆਂ ਨੂੰ ਬੇਨਤੀ ਕਰਦੀ ਹੈ ਕਿ ਉਹ ਹੈਂਡ ਸੈਨੀਟਾਈਜ਼ਰ ਜਾਂ ਵਾਈਪਸ ਜਿਹੇ, ਖੁਦ ਦੇ ਰੋਗਾਣੂ-ਨਾਸ਼ਕ ਪਦਾਰਥ ਆਪਣੇ ਨਾਲ ਰੱਖਣ, ਵਾਰ-ਵਾਰ ਆਪਣੇ ਹੱਥ ਧੋਣ ਅਤੇ ਖੰਘਦੇ ਜਾਂ ਨਿੱਛਾਂ ਮਾਰਦੇ ਸਮੇਂ, ਮੂੰਹ ਨੂੰ ਆਪਣੀ ਕੂਹਣੀ ਨਾਲ ਢਕ ਲੈਣ ਅਤੇ ਗੈਰ-ਮੈਡੀਕਲ ਮਾਸਕ ਪਹਿਨਣ। ਸਿਟੀ ਆਫ ਬ੍ਰੈਂਪਟਨ, ਜੋਖਮਾਂ ਦਾ ਲਗਾਤਾਰ ਨਿਰੀਖਣ ਕਰਨ ਲਈ ਪੀਲ ਪਬਲਿਕ ਹੈਲਥ (Peel Public Health) ਅਤੇ ਬ੍ਰੈਂਪਟਨ ਐਮਰਜੈਂਸੀ ਮੈਨੇਜਮੈਂਟ ਆਫਿਸ (Brampton Emergency Management Office) ਵਿਖੇ ਆਪਣੇ ਭਾਈਵਾਲਾਂ ਦੇ ਨਾਲ ਮਿਲ ਕੇ ਕੰਮ ਕਰ ਰਹੀ ਹੈ। ਨਿਯਮਿਤ ਅੱਪਡੇਟਾਂ ਲਈ www.brampton.ca/covid19 ਤੇ ਜਾਓ ਅਤੇ ਸਿਟੀ ਆਫ ਬ੍ਰੈਂਪਟਨ ਨੂੰ ਅਤੇ ਰੀਜਨ ਆਫ ਪੀਲ (Region of Peel) ਨੂੰ ਸੰਪਰਕ ਕਰਨ ਲਈ, ਕਿਸੇ ਵੀ ਸਮੇਂ 311 ਤੇ ਫੋਨ ਕਰੋ।

-30-

**Service and Information Update**

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca